

# ਮੌਤ ਦੇ ਲਾਭਾਂ ਲਈ ਤੁਹਾਡੀ ਸਹਾਇਤਾ ਗਾਈਡ

# ਜਾਣ-ਪਛਾਣ

ਅਸੀਂ ਜਾਣਦੇ ਹਾਂ ਕਿ ਪਰਿਵਾਰ ਦੇ ਮੈਂਬਰ ਅਤੇ ਅਜ਼ੀਜ਼ ਦਾ ਅਚਾਨਕ ਚਲੇ ਜਾਣਾ ਭਾਵਨਾਤਮਕ ਅਤੇ ਮਾਨਸਿਕ ਤੌਰ 'ਤੇ ਗਹਿਰਾ ਪ੍ਰਭਾਵ ਪਾ ਸਕਦਾ ਹੈ। ਇਸ ਮੁਸ਼ਕਿਲ ਸਮੇਂ ਦੌਰਾਨ ਅਸੀਂ ਮਦਦ ਕਰਨ ਲਈ ਮੌਜੂਦ ਹਾਂ।

ਅਸੀਂ ਤੁਹਾਡੇ ਕਿਸੇ ਵੀ ਪ੍ਰਸ਼ਨ ਦਾ ਉੱਤਰ ਦੇਵਾਂਗੇ ਅਤੇ ਜ਼ਰੂਰੀ ਕਾਗਜ਼ੀ ਕਾਰਵਾਈ ਪੂਰੀ ਕਰਨ ਵਿੱਚ ਤੁਹਾਡੀ ਮਦਦ ਕਰਾਂਗੇ। ਜਿੰਨਾ ਸੰਭਵ ਹੋ ਸਕੇ, ਅਸੀਂ ਉਸ ਰਫਤਾਰ ਨਾਲ ਕੰਮ ਕਰਾਂਗੇ ਜੋ ਤੁਹਾਡੇ ਲਈ ਅਨੁਕੂਲ ਹੋਵੇ।

ਇਹ ਗਾਈਡ ਇਨਹਾਂਸਡ ਕੇਅਰ ਅਧੀਨ ਨਜ਼ਦੀਕੀ (immediate) ਪਰਿਵਾਰਕ ਮੈਂਬਰਾਂ ਲਈ ਉਪਲਬਧ ਹੱਕਦਾਰੀਆਂ ਦੇ ਨਾਲ-ਨਾਲ ਵਿੱਤੀ ਅਤੇ ਹੋਰ ਉਪਲਬਧ ਸਹਾਇਤਾ ਬਾਰੇ ਫੈਸਲਾ ਕਰਨ ਲਈ ਵਰਤੇ ਜਾਂਦੇ ਮਾਪਦੰਡਾਂ ਬਾਰੇ ਜਾਣਕਾਰੀ ਦਿੰਦੀ ਹੈ।

ਤੁਹਾਡਾ ICBC ਕਲੇਮ ਪ੍ਰਤਿਨਿਧੀ ਤੁਹਾਡੇ ਨਾਲ ਇਸ ਜਾਣਕਾਰੀ ਦੀ ਸਮੀਖਿਆ ਕਰੇਗਾ ਅਤੇ ਉਪਲਬਧ ਹੱਕਦਾਰੀਆਂ ਅਤੇ ਸਹਾਇਤਾ ਬਾਰੇ ਸਮਝਾਏਗਾ। ਜੇ ਤੁਹਾਡੇ ਕੋਈ ਪ੍ਰਸ਼ਨ ਹਨ ਜਾਂ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਤੁਸੀਂ ਆਪਣੇ ਕਲੇਮ ਪ੍ਰਤਿਨਿਧੀ ਨਾਲ ਸੰਪਰਕ ਕਰ ਸਕਦੇ ਹੋ।

# ਅੰਤਿਮ-ਸਸਕਾਰ ਦੇ ਖ਼ਰਚੇ

ਇਨਹਾਂਸਡ ਐਕਸੀਡੈਂਟ ਲਾਭ ਅੰਤਿਮ-ਸਸਕਾਰ ਜਾਂ ਦਫ਼ਨਾਉਣ ਦੇ ਖ਼ਰਚਿਆਂ ਲਈ $10,839 ਪ੍ਰਤੀ ਮ੍ਰਿਤਕ, ਟੈਕਸ ਸਮੇਤ, ਪ੍ਰਦਾਨ ਕਰਦੇ ਹਨ।

ਅੰਤਿਮ-ਸਸਕਾਰ ਦੇ ਖਰਚਿਆਂ ਵਿੱਚ ਮ੍ਰਿਤਕ ਦੇਹ ਨੂੰ ਟ੍ਰਾਂਸਪੋਰਟ ਕਰਨਾ, ਅੰਤਿਮ-ਸਸਕਾਰ ਜਾਂ ਦਫ਼ਨਾਉਣ ਦੀਆਂ ਸੇਵਾਵਾਂ, ਦਾਹ-ਸਸਕਾਰ, ਕਬਰਸਤਾਨ ਵਿੱਚ ਦਫ਼ਨਾਉਣ ਦਾ ਪਲਾਟ ਅਤੇ ਕਬਰ ਮਾਰਕਰ ਸ਼ਾਮਲ ਹੋ ਸਕਦੇ ਹਨ। ਤੁਹਾਡਾ ਕਲੇਮ ਪ੍ਰਤਿਨਿਧੀ ਸਲਾਹ ਦੇ ਸਕਦਾ ਹੈ ਕਿ ਇਸ ਕਵਰੇਜ ਅਧੀਨ ਹੋਰ ਕਿਹੜੇ ਸੰਬੰਧਿਤ ਖਰਚਿਆਂ ਨੂੰ ਵਿਚਾਰਿਆ ਜਾ ਸਕਦਾ ਹੈ।

ਅਸੀਂ ਅੰਤਿਮ-ਸਸਕਾਰ ਦੇ ਖਰਚਿਆਂ ਦਾ ਭੁਗਤਾਨ ਸਿੱਧੇ ਤੌਰ 'ਤੇ ਕਰ ਸਕਦੇ ਹਾਂ ਜਾਂ ਉਸ ਵਿਅਕਤੀ ਨੂੰ ਭਰਪਾਈ ਕਰ ਸਕਦੇ ਹਾਂ ਜਿਸ ਨੇ ਖਰਚੇ ਕੀਤੇ ਹਨ। ਭੁਗਤਾਨ ਬਿੱਲਾਂ ਜਾਂ ਰਸੀਦਾਂ ਦੀਆਂ ਕਾਪੀਆਂ 'ਤੇ ਆਧਾਰਿਤ ਹੋਵੇਗਾ।

# ਸੋਗ ਕਾਉਂਸਲਿੰਗ

ਹਰੇਕ ਪਰਿਵਾਰਕ ਮੈਂਬਰ ਸੋਗ ਕਾਉਂਸਲਿੰਗ ਲਈ ਪ੍ਰਤੀ ਮ੍ਰਿਤਕ $4,533 ਤੱਕ ਦਾ ਹੱਕਦਾਰ ਹੈ। ਇਹ ਹੋਰ ਲੋਕਾਂ ਦੇ ਨਾਲ-ਨਾਲ ਕਾਉਂਸਲਰ, ਸਾਈਕੋਲੋਜਿਸਟ, ਮਾਨਸਿਕ ਰੋਗਾਂ ਦੇ ਮਾਹਰ (ਸਾਈਕਿਐਟ੍ਰਿਸਟ), ਧਾਰਮਿਕ ਪ੍ਰਤਿਨਿਧੀ ਜਾਂ ਮੂਲਵਾਸੀ ਬਜ਼ੁਰਗ ਦੁਆਰਾ ਮੁਹੱਈਆ ਕੀਤੀ ਜਾ ਸਕਦੀ ਹੈ। ਆਪਣੇ ਕਲੇਮ ਦੇ ਪ੍ਰਤਿਨਿਧੀ ਨਾਲ ਗੱਲ ਕਰੋ ਕਿ ਕਿਸ ਕਿਸਮ ਦੇ ਕਾਉਂਸਲਿੰਗ ਪ੍ਰਦਾਤਾ ਕਵਰ ਕੀਤੇ ਜਾਂਦੇ ਹਨ।

ਜਦੋਂ ਕਿਸੇ ਪਰਿਵਾਰਕ ਮੈਂਬਰ ਨੂੰ ਸੋਗ ਕਾਉਂਸਲਿੰਗ ਲਈ ਆਪਣੇ ਘਰ ਦੀ ਕਮਿਊਨਟੀ ਤੋਂ 50 ਕਿਲੋਮੀਟਰ (ਇੱਕ-ਪਾਸੇ) ਤੋਂ ਵੱਧ ਯਾਤਰਾ ਕਰਨੀ ਪਵੇ ਤਾਂ ਰਿਹਾਇਸ਼ ਅਤੇ ਯਾਤਰਾ ਦੇ ਖਰਚਿਆਂ ਨੂੰ ਪਹਿਲਾਂ ਤੋਂ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ। ਵਿੱਤੀ ਸਹਾਇਤਾ ਉਦੋਂ ਤਕ ਉਪਲਬਧ ਹੁੰਦੀ ਹੈ, ਜਦੋਂ ਤਕ ਭੁਗਤਾਨ ਦੀ ਵੱਧ ਤੋਂ ਵੱਧ ਰਕਮ ਪੂਰੀ ਨਹੀਂ ਹੋ ਜਾਂਦੀ।

ਕੁਝ ਪ੍ਰਦਾਤਾ ਕਾਉਂਸਲਿੰਗ ਸੈਸ਼ਨਾਂ ਲਈ ICBC ਨੂੰ ਸਿੱਧਾ ਬਿੱਲ ਦੇ ਸਕਦੇ ਹਨ, ਜਾਂ ਪਰਿਵਾਰਕ ਮੈਂਬਰ ਭੁਗਤਾਨ ਕਰ ਸਕਦੇ ਹਨ ਅਤੇ ਫੇਰ ਜਮ੍ਹਾਂ ਰਸੀਦਾਂ ਦੇ ਅਧਾਰ ’ਤੇ ਭਰਪਾਈ ਲੈ ਸਕਦੇ ਹਨ।

ਕਾਉਂਸਲਿੰਗ ਦੇ ਸੈਸ਼ਨਾਂ ਲਈ ਹਰ ਇੱਕ ਸੈਸ਼ਨ ਲਈ ਵੱਧ ਤੋਂ ਵੱਧ $160 ਤੱਕ ਅਤੇ ਮਨੋਵਿਗਿਆਨ ਦੇ ਸੈਸ਼ਨਾਂ ਲਈ ਹਰ ਇੱਕ ਸੈਸ਼ਨ ਲਈ ਵੱਧ ਤੋਂ ਵੱਧ $246 ਤੱਕ ਦੀ ਰਕਮ ਦੀ ਭਰਪਾਈ ਕੀਤੀ ਜਾ ਸਕਦੀ ਹੈ।

* ਮ੍ਰਿਤਕ ਦੇ ਪਰਿਵਾਰ ਵਿੱਚ ਸ਼ਾਮਲ ਹਨ: ਪਤੀ/ਪਤਨੀ, ਸਾਥੀ, ਬੱਚਾ, ਮਤਰੇਆ ਬੱਚਾ, ਮਾਤਾ/ਪਿਤਾ, ਮਤਰੇਏ ਮਾਤਾ/ਪਿਤਾ, ਦਾਦਾ/ਦਾਦੀ, ਨਾਨਾ/ਨਾਨੀ, ਸਰਪ੍ਰਸਤ, ਭੈਣ/ਭਰਾ, ਮਤਰੇਏ ਭੈਣ/ਭਰਾ ਅਤੇ ਹੋਰ ਜਿਨ੍ਹਾਂ ਦਾ ਮ੍ਰਿਤਕ ਨਾਲ ਪਰਿਵਾਰ ਵਰਗਾ ਰਿਸ਼ਤਾ ਸੀ।

# ਨਜ਼ਦੀਕੀ ਪਰਿਵਾਰ ਨੂੰ ਭੁਗਤਾਨ

ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਵਿਅਕਤੀ ਪਤੀ/ਪਤਨੀ, ਕਾਮਨ-ਲਾਅ ਪਾਰਟਨਰ, ਨਿਰਭਰ ਅਤੇ, ਕੁਝ ਮਾਮਲਿਆਂ ਵਿੱਚ, ਵੱਡੇ ਬੱਚੇ ਅਤੇ ਦੇ ਮਾਪੇ, ਇਨਹਾਂਸਡ ਕੇਅਰ ਅਧੀਨ ਇੱਕਮੁਸ਼ਤ ਰਕਮ ਦੇ ਯੋਗ ਹੋ ਸਕਦੇ ਹਨ।

## ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ ਨੂੰ ਭੁਗਤਾਨ

ਇਨਹਾਂਸਡ ਐਕਸੀਡੈਂਟ ਲਾਭ ਜੀਵਤ ਬਚੇ ਹੋਏ ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ ਨੂੰ ਇੱਕਮੁਸ਼ਤ ਰਕਮ ਅਦਾ ਕਰਦੇ ਹਨ। ਅਦਾ ਕੀਤੀ ਗਈ ਰਕਮ ਹਾਦਸੇ ਦੇ ਸਮੇਂ ਮ੍ਰਿਤਕ ਦੀ ਉਮਰ ਅਤੇ ਆਮਦਨੀ ਉੱਤੇ ਨਿਰਭਰ ਕਰਦੀ ਹੈ। ਘੱਟੋ-ਘੱਟ ਭੁਗਤਾਨ $79,525 ਹੈ।

**ਪਤੀ/ਪਤਨੀ:** ਉਹ ਵਿਅਕਤੀ ਹੈ ਜੋ ਜਾਨਲੇਵਾ ਸੱਟ ਲੱਗਣ ਦੇ ਸਮੇਂ ਵਿਅਕਤੀ ਨਾਲ ਵਿਆਹਿਆ ਹੋਇਆ ਸੀ ਅਤੇ ਉਸ ਦੇ ਨਾਲ ਰਹਿੰਦਾ ਸੀ।

**ਕਾਮਨ-ਲਾਅ ਪਾਰਟਨਰ:** ਉਹ ਵਿਅਕਤੀ ਹੈ ਜੋ ਘਾਤਕ ਸੱਟ ਲੱਗਣ ਤੋਂ ਤੁਰੰਤ ਪਹਿਲਾਂ ਘੱਟੋ-ਘੱਟ ਦੋ ਸਾਲਾਂ ਤੋਂ ਉਸ ਵਿਅਕਤੀ ਨਾਲ ਵਿਆਹ ਵਰਗੇ ਰਿਸ਼ਤੇ ਵਿੱਚ ਰਹਿ ਰਿਹਾ ਸੀ।


ਜੇ ਇਹ ਲਾਭ ਪ੍ਰਾਪਤ ਕਰਨ ਲਈ ਕੋਈ ਵੀ ਪਤੀ/ਪਤਨੀ ਯੋਗ ਨਹੀਂ ਹੈ, ਤਾਂ ਉਹ ਰਕਮ ਨਿਰਭਰ ਬੱਚਿਆਂ ਵਿੱਚ ਵੰਡੀ ਜਾਵੇਗੀ ਜੋ ਨਹੀਂ ਤਾਂ ਪਤੀ/ਪਤਨੀ ਨੂੰ ਮਿਲਣੀ ਸੀ।

## ਭੁਗਤਾਨ ਦੀ ਰਕਮ ਨਿਰਧਾਰਤ ਕਰਨਾ

ਜੇ ਟੱਕਰ ਦੇ ਸਮੇਂ ਮ੍ਰਿਤਕ ਨੌਕਰੀ ਕਰਦਾ/ਕਰਦੀ ਸੀ, ਤਾਂ ਭੁਗਤਾਨ ਵਿਅਕਤੀ ਦੀ ਸਾਲਾਨਾ ਰੁਜ਼ਗਾਰ ਤੋਂ ਕੁੱਲ ਆਮਦਨੀ ਅਤੇ ਉਮਰ ਦੇ ਆਧਾਰ 'ਤੇ ਹੋਵੇਗਾ।

ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ ਨੂੰ ਪ੍ਰਾਪਤ ਹੋਣ ਵਾਲੀ ਰਕਮ ਦਾ ਹਿਸਾਬ ਲਾਉਣ ਲਈ, ਅਸੀਂ ਕੁੱਲ ਸਾਲਾਨਾ ਰੁਜ਼ਗਾਰ ਤੋਂ ਆਮਦਨੀ ਨੂੰ 1 ਤੋਂ 5 ਤੱਕ ਗੁਣਾ ਕਰਦੇ ਹਾਂ, ਜਿਵੇਂ ਕਿ ਹੇਠ ਦਿੱਤੇ ਚਾਰਟ ਵਿੱਚ ਦਿਖਾਇਆ ਗਿਆ ਹੈ। ਇਸ ਗਣਨਾ ਲਈ ਵਰਤੀ ਜਾਣ ਵਾਲੀ ਕੁੱਲ ਆਮਦਨ ਵੱਧ ਤੋਂ ਵੱਧ ਸਾਲਾਨਾ ਬੀਮਾਯੋਗ ਆਮਦਨ ਸੀਮਾ ਦੁਆਰਾ ਸੀਮਿਤ ਹੈ।

ਇਹ ਚਾਰਟ ਭੁਗਤਾਨ ਦੇ ਕਾਰਕਾਂ ਅਤੇ ਉਮਰ ਵਿਚਕਾਰ ਸੰਬੰਧ ਨੂੰ ਦਰਸਾਉਂਦਾ ਹੈ।




ਜੇ ਐਕਸੀਡੈਂਟ ਦੇ ਸਮੇਂ ਮ੍ਰਿਤਕ ਬੇਰੁਜ਼ਗਾਰ ਸੀ ਅਤੇ ਇਨਕਮ ਰਿਪਲੇਸਮੈਂਟ ਲਾਭਾਂ ਦਾ ਹੱਕਦਾਰ ਨਹੀਂ ਹੋਣਾ ਸੀ, ਤਾਂ ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ ਨੂੰ $79,525 ਦਾ ਘੱਟੋ-ਘੱਟ ਇੱਕਮੁਸ਼ਤ ਭੁਗਤਾਨ ਮਿਲੇਗਾ।

ਜੇ ਉਸਦਾ ਜੀਵਤ ਪਤੀ/ਪਤਨੀ ਅਪਾਹਜ ਹੈ, ਤਾਂ ਭੁਗਤਾਨ ਦੀ ਰਕਮ ਨਿਰਧਾਰਤ ਕਰਨ ਲਈ ਵੱਖਰੇ ਕਾਰਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਆਪਣੇ ਕਲੇਮ ਪ੍ਰਤਿਨਿਧੀ ਨਾਲ ਗੱਲ ਕਰੋ।

## ਨਿਰਭਰ ਵਿਅਕਤੀਆਂ ਨੂੰ ਭੁਗਤਾਨ

ਇਨਹਾਂਸਡ ਐਕਸੀਡੈਂਟ ਲਾਭ ਮ੍ਰਿਤਕ ਦੀ ਮੌਤ ਸਮੇਂ ਨਿਰਭਰ ਵਿਅਕਤੀ (ਡਿਪੈਂਨਡੈਂਟ) ਦੀ ਉਮਰ 'ਤੇ ਨਿਰਭਰ ਕਰਦੇ ਹੋਏ, ਨਿਰਭਰ ਵਿਅਕਤੀ ਨੂੰ $37,771 ਤੋਂ $71,229 ਦਾ ਭੁਗਤਾਨ ਕਰਦੇ ਹਨ।

**ਨਿਰਭਰ ਵਿਅਕਤੀ ਹੇਠ ਦਿੱਤਿਆਂ ਵਿੱਚੋਂ ਕੋਈ ਵੀ ਹੋ ਸਕਦਾ ਹੈ:**

- ਉਹ ਬੱਚਾ ਜੋ ਐਕਸੀਡੈਂਟ ਸਮੇਂ 19 ਸਾਲ ਤੋਂ ਘੱਟ ਉਮਰ ਦਾ ਸੀ, ਜਿਸ ਲਈ ਮ੍ਰਿਤਕ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਸੀ ਅਤੇ ਜਿਹੜਾ ਵਿੱਤੀ ਸਹਾਇਤਾ ਲਈ ਮ੍ਰਿਤਕ 'ਤੇ ਨਿਰਭਰ ਸੀ
- 19 ਸਾਲ ਜਾਂ ਇਸ ਤੋਂ ਵੱਡਾ ਬੱਚਾ, ਜਿਹੜਾ ਮ੍ਰਿਤਕ ਦੇ ਨਾਲ ਰਹਿੰਦਾ ਸੀ ਅਤੇ ਮਾਨਸਿਕ ਜਾਂ ਸਰੀਰਕ ਅਪਾਹਜਤਾ ਦੇ ਕਾਰਨ ਵਿੱਤੀ ਤੌਰ 'ਤੇ ਮ੍ਰਿਤਕ 'ਤੇ ਨਿਰਭਰ ਸੀ
- 19 ਸਾਲ ਜਾਂ ਇਸ ਤੋਂ ਵੱਡਾ ਬੱਚਾ ਜੋ ਕਿਸੇ ਮਾਨਸਿਕ ਜਾਂ ਸਰੀਰਕ ਅਪਾਹਜਤਾ ਕਾਰਨ ਮ੍ਰਿਤਕ ਉੱਤੇ ਵਿੱਤੀ ਤੌਰ 'ਤੇ ਨਿਰਭਰ ਸੀ ਅਤੇ ਜੋ ਕਿਸੇ ਦੇਖਭਾਲ ਵਾਲੀ ਥਾਂ (ਕੇਅਰ ਫੈਸਿਲਟੀ) ਵਿੱਚ ਰਹਿਣ ਤੋਂ ਪਹਿਲਾਂ ਮ੍ਰਿਤਕ ਦੇ ਨਾਲ ਰਹਿੰਦਾ ਸੀ
- ਪਤੀ/ਪਤਨੀ ਜੋ ਐਕਸੀਡੈਂਟ ਸਮੇਂ ਮ੍ਰਿਤਕ ਨਾਲ ਨਹੀਂ ਰਹਿ ਰਿਹਾ ਸੀ
- ਸਾਬਕਾ ਪਤੀ/ਪਤਨੀ, ਜੋ ਮ੍ਰਿਤਕ ਤੋਂ ਕਾਨੂੰਨੀ ਤੌਰ 'ਤੇ ਸਪਾਊਸਲ-ਸਪੋਰਟ (ਪਤੀ/ਪਤਨੀ ਲਈ ਸਹਾਇਤਾ) ਪ੍ਰਾਪਤ ਕਰਨ ਦਾ ਹੱਕਦਾਰ ਹੈ
- ਮਾਤਾ/ਪਿਤਾ ਜੋ ਦੁਰਘਟਨਾ ਦੇ ਸਮੇਂ ਮ੍ਰਿਤਕ ਦੇ ਨਾਲ ਰਹਿੰਦੇ ਸਨ ਅਤੇ ਆਰਥਿਕ ਰੂਪ ਵਿੱਚ ਉਸ ਉੱਪਰ ਨਿਰਭਰ ਸਨ
- ਮਾਤਾ/ਪਿਤਾ ਜੋ ਦੇਖਭਾਲ ਦੀਆਂ ਲੋੜਾਂ ਦੇ ਕਾਰਨ ਲੰਬੇ ਸਮੇਂ ਦੀ ਦੇਖਭਾਲ ਵਾਲੀ ਥਾਂ ਵਿੱਚ ਰਹਿੰਦੇ ਹਨ ਅਤੇ ਜ਼ਿਆਦਾਤਰ ਵਿੱਤੀ ਸਹਾਇਤਾ ਮ੍ਰਿਤਕ ਤੋਂ ਪ੍ਰਾਪਤ ਕਰਦੇ ਹਨ

### ਅਪਾਹਜਤਾਵਾਂ ਵਾਲੇ ਨਿਰਭਰ ਵਿਅਕਤੀ

ਅਪਾਹਜਤਾਵਾਂ ਵਾਲਾ ਨਿਰਭਰ ਵਿਅਕਤੀ $34,792 ਦੀ ਵਾਧੂ ਭੁਗਤਾਨ ਦਾ ਹੱਕਦਾਰ ਹੈ।

ਇਹ ਉਹ ਲੋਕ ਹਨ ਜੋ ਅਣਮਿੱਥੇ ਸਮੇਂ ਦੀ ਸਰੀਰਕ ਜਾਂ ਮਾਨਸਿਕ ਅਪਾਹਜਤਾ ਕਾਰਨ ਕੋਈ ਕਾਫ਼ੀ ਹੱਦ ਤਕ ਲਾਭਕਾਰੀ ਰੁਜ਼ਗਾਰ ਪ੍ਰਾਪਤ ਕਰਨ ਦੇ ਅਯੋਗ ਹੁੰਦੇ ਹਨ। ਇਹ ਜ਼ਰੂਰੀ ਹੈ ਕਿ ਉਨ੍ਹਾਂ ਦੀ ਅਪਾਹਜਤਾ ਮੌਤ ਦੇ ਸਮੇਂ ਮੌਜੂਦ ਹੋਵੇ। ਤੁਹਾਡਾ ਕਲੇਮ ਪ੍ਰਤਿਨਿਧੀ ਉਨ੍ਹਾਂ ਤਰੀਕਿਆਂ ਬਾਰੇ ਚਰਚਾ ਕਰੇਗਾ ਜਿਨ੍ਹਾਂ ਨਾਲ ਇਸ ਹੱਕਦਾਰੀ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ।

## ਇਕੱਲੇ ਮਾਤਾ/ਪਿਤਾ 'ਤੇ ਨਿਰਭਰ ਵਿਅਕਤੀ ਨੂੰ ਭੁਗਤਾਨ

ਜਦੋਂ ਇਕੱਲਾ ਮਾਪਾ (ਸਿੰਗਲ ਪੇਰੈਂਟ) ਘਾਤਕ ਰੂਪ ਵਿੱਚ ਜ਼ਖ਼ਮੀ ਹੋ ਜਾਂਦਾ ਹੈ, ਤਾਂ ਇਨਹਾਂਸਡ ਐਕਸੀਡੈਂਟ ਲਾਭ ਨਿਰਭਰ ਬੱਚਿਆਂ ਨੂੰ ਦੋ ਭੁਗਤਾਨ ਪ੍ਰਦਾਨ ਕਰਦੇ ਹਨ:

- ਨਿਰਭਰ ਬੱਚੇ ਲਈ ਨਿਯਮਿਤ ਭੁਗਤਾਨ
- ਉਹ ਭੁਗਤਾਨ ਜੋ ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ ਨੂੰ ਦਿੱਤਾ ਜਾਣਾ ਸੀ, ਜੇ ਉਹਨਾਂ ਵਿੱਚੋਂ ਕੋਈ ਹੁੰਦਾ, ਨਿਰਭਰ ਬੱਚਿਆਂ ਵਿੱਚ ਬਰਾਬਰ ਵੰਡਿਆ ਜਾਂਦਾ ਹੈ

ਇਹ ਭੁਗਤਾਨ ਢਾਂਚਾ ਮੰਨਦਾ ਹੈ ਕਿ ਇਕੱਲੇ ਮਾਪੇ ਦੇ ਨਿਰਭਰਾਂ ਕੋਲ ਵਿੱਤੀ ਸਰੋਤ ਸੀਮਿਤ ਹੋ ਸਕਦੇ ਹਨ ਅਤੇ ਇਹ ਕੁਝ ਵਾਧੂ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ।

# ਹੋਰ ਸਥਿਤੀਆਂ ਵਿੱਚ ਭੁਗਤਾਨ

## ਕੋਈ ਪਤੀ/ਪਤਨੀ, ਕਾਮਨ-ਲਾਅ ਪਾਰਟਨਰ ਜਾਂ ਨਿਰਭਰ ਨਹੀਂ

ਜੇ ਮ੍ਰਿਤਕ ਦਾ ਕੋਈ ਪਤੀ/ਪਤਨੀ, ਕਾਮਨ-ਲਾਅ ਪਾਰਟਨਰ ਜਾਂ ਨਿਰਭਰ ਨਹੀਂ ਸੀ, ਤਾਂ ਗੈਰ-ਨਿਰਭਰ ਮਾਪੇ ਅਤੇ ਗੈਰ-ਨਿਰਭਰ ਬੱਚੇ ਹਰੇਕ ਨੂੰ $17,710 ਦੀ ਇੱਕਮੁਸ਼ਤ ਰਕਮ ਪ੍ਰਾਪਤ ਹੁੰਦੀ ਹੈ।

## ਦੇਖਭਾਲ ਪ੍ਰਦਾਨ ਕਰਨ ਵਾਲੇ

ਜੇ ਐਕਸੀਡੈਂਟ ਦੇ ਸਮੇਂ, ਮ੍ਰਿਤਕ ਦਾ ਮੁੱਖ ਕਿੱਤਾ 16 ਸਾਲ ਤੋਂ ਘੱਟ ਉਮਰ ਦੇ ਬੱਚੇ ਜਾਂ ਕਿਸੇ ਅਪਾਹਜ ਵਿਅਕਤੀ, ਜੋ ਨਿਯਮਿਤ ਤੌਰ 'ਤੇ ਕੋਈ ਰੁਜ਼ਗਾਰ ਪ੍ਰਾਪਤ ਕਰਨ ਤੋਂ ਅਸਮਰਥ ਹੈ, ਦੀ ਬਿਨਾਂ ਪੈਸੇ ਦੇ ਦੇਖਭਾਲ ਪ੍ਰਦਾਨ ਕਰਨਾ ਸੀ, ਤਾਂ ਦੇਖਭਾਲ ਕਰਨ ਵਾਲੇ (ਕੇਅਰਗਿਵਰ) ਦਾ ਹਫਤਾਵਾਰੀ ਲਾਭ ਉਪਲਬਧ ਹੋ ਸਕਦਾ ਹੈ।

ਤੁਹਾਡਾ ਕਲੇਮ ਪ੍ਰਤਿਨਿਧੀ ਤੁਹਾਨੂੰ ਸਲਾਹ ਦੇ ਸਕਦਾ ਹੈ ਕਿ ਇਸ ਕਵਰੇਜ ਲਈ ਅਪਲਾਈ ਕਿਵੇਂ ਕਰਨਾ ਹੈ।

# ਸ਼ੁਰੂਆਤ ਕਿਵੇਂ ਕਰਨੀ ਹੈ

ਇਸ ਮੁਸ਼ਕਿਲ ਸਮੇਂ ਦੌਰਾਨ ਅਸੀਂ ਮਦਦ ਕਰਨ ਲਈ ਮੌਜੂਦ ਹਾਂ। ਜਿੰਨਾ ਸੰਭਵ ਹੋ ਸਕੇ, ਅਸੀਂ ਉਸ ਰਫਤਾਰ ਨਾਲ ਕੰਮ ਕਰਾਂਗੇ ਜੋ ਤੁਹਾਡੇ ਲਈ ਅਨੁਕੂਲ ਹੈ, ਸਿਰਫ਼ ਉਹ ਜਾਣਕਾਰੀ ਮੰਗਾਂਗੇ ਜੋ ਤੁਹਾਡੇ ਕਲੇਮ ਸਥਾਪਿਤ ਕਰਨ ਲਈ ਜ਼ਰੂਰੀ ਹੈ ਅਤੇ ਇਹ ਯਕੀਨੀ ਬਣਾਵਾਂਗੇ ਕਿ ਤੁਹਾਨੂੰ ਢੁਕਵੀਂ ਹੱਕਦਾਰੀ ਪ੍ਰਾਪਤ ਹੋਵੇ।

## ਦਸਤਾਵੇਜ਼ ਚੈੱਕਲਿਸਟ

ਹੇਠਾਂ ਦਿੱਤੀ ਗਈ ਜਾਂਚ-ਸੂਚੀ ਲੋੜੀਂਦੇ ਦਸਤਾਵੇਜ਼ ਇਕੱਠੇ ਕਰਨ ਵਿੱਚ ਤੁਹਾਡੀ ਸਹਾਇਤਾ ਕਰੇਗੀ। ਤੁਹਾਡਾ ਕਲੇਮ ਪ੍ਰਤਿਨਿਧੀ ਤੁਹਾਡੇ ਖਾਸ ਕਲੇਮ ਜਾਂ ਖਰਚੇ ਨਾਲ ਸੰਬੰਧਿਤ ਦਸਤਾਵੇਜ਼ਾਂ ਦੀ ਪਛਾਣ ਕਰੇਗਾ ਅਤੇ ਤੁਹਾਨੂੰ ਦੱਸੇਗਾ ਕਿ ਉਹ ਤੁਹਾਨੂੰ ਕਿਹੜੇ ਦਸਤਾਵੇਜ਼ ਜਾਂ ਫਾਰਮ ਪ੍ਰਦਾਨ ਕਰੇਗਾ।

ਲਾਗੂ ਹੋਣ ਵਾਲੇ ਦਸਤਾਵੇਜ਼ਾਂ ਦੀਆਂ ਕਾਪੀਆਂ ਇੱਕਮੁਸ਼ਤ ਭੁਗਤਾਨ ਕੀਤੇ ਜਾ ਸਕਣ ਤੋਂ ਪਹਿਲਾਂ ਮਿਲਣੀਆਂ ਜ਼ਰੂਰੀ ਹਨ।

ਅੰਤਿਮ-ਸਸਕਾਰ ਦੇ ਖਰਚਿਆਂ ਅਤੇ ਸੋਗ ਕਾਉਂਸਲਿੰਗ ਦੇ ਖਰਚਿਆਂ ਦਾ ਭੁਗਤਾਨ ਜਾਂ ਭਰਪਾਈ ਲਈ ਤੁਹਾਨੂੰ ਆਪਣੇ ਬਿੱਲਾਂ ਜਾਂ ਰਸੀਦਾਂ ਦੀ ਕਾਪੀ ਪ੍ਰਦਾਨ ਕਰਨੀ ਪਵੇਗੀ।

**ਦਸਤਾਵੇਜ਼ਾਂ ਜਿਨ੍ਹਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ:**

- [ ] ਅੰਤਿਮ-ਸਸਕਾਰ ਦੇ ਖਰਚਿਆਂ ਲਈ ਇਵੌਇਸਾਂ ਜਾਂ ਰਸੀਦਾਂ ਦੀ ਕਾਪੀ
- [ ] ਸੋਗ ਕਾਉਂਸਲਿੰਗ ਸੈਸ਼ਨਾਂ ਲਈ ਇਵੌਇਸਾਂ ਜਾਂ ਰਸੀਦਾਂ ਦੀ ਕਾਪੀ
- [ ] ਮੌਤ ਦੇ ਸਬੂਤ ਦੇ ਸਰਟੀਫਿਕੇਟ ਦੀ ਕਾਪੀ (ਪੈਥੋਲੋਜਿਸਟ, ਕੋਰੋਨਰ ਜਾਂ ਮੈਡੀਕਲ ਜਾਂਚਕਰਤਾ ਤੋਂ)
- [ ] ਫਿਊਨਰਲ (ਅੰਤਿਮ-ਸਸਕਾਰ) ਡਾਇਰੈਕਟਰ ਦੇ ਮੌਤ ਦੇ ਸਰਟੀਫਿਕੇਟ ਦੀ ਕਾਪੀ
- [ ] ਅਪਾਹਜਤਾ ਦੇ ਸਰਟੀਫਿਕੇਟ ਦੀ ਕਾਪੀ (ਡਾਕਟਰ ਤੋਂ)
- [ ] ਟੈਕਸ ਰਿਟਰਨ ਦੀ ਕਾਪੀ (ਪਿਛਲੇ ਤਿੰਨ ਸਾਲਾਂ ਦੀ, ਜੇ ਮ੍ਰਿਤਕ ਆਪਣਾ ਖੁਦ ਦਾ ਕੰਮ ਕਰਦਾ ਸੀ)
- [ ] ਵਿਆਹ ਦੇ ਸਰਟੀਫਿਕੇਟ ਦੀ ਕਾਪੀ
- [ ] ਬੱਚੇ(ਬੱਚਿਆਂ) ਦੇ ਜਨਮ ਸਰਟੀਫਿਕੇਟ(ਸਰਟੀਫਿਕੇਟਾਂ) ਦੀ ਕਾਪੀ
- [ ] ਮ੍ਰਿਤਕ ਨਾਲ ਰਿਸ਼ਤੇ ਦੀ ਪੁਸ਼ਟੀ ਕਰਨ ਵਾਲੇ ਦਸਤਾਵੇਜ਼
- [ ] ਰੁਜ਼ਗਾਰਦਾਤਾ ਕਮਾਈ ਦੀ ਪੁਸ਼ਟੀ ਫਾਰਮ

# ਜੇਕਰ ਤੁਹਾਨੂੰ ਚਿੰਤਾਵਾਂ ਹਨ

ਸਾਡਾ ਮਕਸਦ ਆਪਣੇ ਸਾਰੇ ਗਾਹਕਾਂ ਨਾਲ ਨਿਰਪੱਖ ਅਤੇ ਇਕਸਾਰਤਾ ਨਾਲ ਪੇਸ਼ ਆਉਣਾ ਹੈ ਅਤੇ ਅਸੀਂ ਇਹ ਦੱਸਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਾਂ ਕਿ ਕਿਵੇਂ ਫੈਸਲੇ ਲਏ ਜਾਂਦੇ ਹਨ। ਜੇ ਹੱਕਦਾਰੀਆਂ ਜਾਂ ਭੁਗਤਾਨਾਂ ਬਾਰੇ ਅਸਹਿਮਤੀਆਂ ਪੈਦਾ ਹੁੰਦੀਆਂ ਹਨ, ਤਾਂ ਮਸਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨ ਦਾ ਪਹਿਲਾ ਕਦਮ ਹੈ, ਫੈਸਲੇ ਬਾਰੇ ਆਪਣੇ ਕਲੇਮ ਦੇ ਪ੍ਰਤਿਨਿਧੀ ਨਾਲ ਚਰਚਾ ਕਰਨਾ।

ਜੇ ਮਾਮਲੇ ਨੂੰ ਕਲੇਮ ਦੇ ਪ੍ਰਤਿਨਿਧੀ ਨਾਲ ਹੱਲ ਨਹੀਂ ਕੀਤਾ ਜਾ ਸਕਦਾ, ਤਾਂ ਉਹਨਾਂ ਦੇ ਮੈਨੇਜਰ ਨਾਲ ਗੱਲ ਕਰਨ ਲਈ ਕਹੋ। ਮੈਨੇਜਰ ਤੁਹਾਡੇ ਕਲੇਮ ਦੀਆਂ ਸਥਿਤੀਆਂ ਦੀ ਸਮੀਖਿਆ ਕਰੇਗਾ। ਜੇ ਮੈਨੇਜਰ ਹਾਲੇ ਵੀ ਅਸਹਿਮਤੀ ਨੂੰ ਹੱਲ ਨਾ ਕਰ ਸਕੇ, ਤਾਂ ਉਹ ਇਸ ਨੂੰ ICBC ਕਲੇਮਜ਼ ਡਿਸੀਜ਼ਨ ਰਿਵਿਊ ਪ੍ਰੋਸੈੱਸ ਕੋਲ ਭੇਜ ਸਕਦਾ ਹੈ। ਇਹ ਪ੍ਰਕਿਰਿਆ ਸਾਡੇ ਕਲੇਮ ਨਾਲ ਨਿਪਟਣ ਵਾਲੇ ਵਿਭਾਗ ਤੋਂ ਸੁਤੰਤਰ ਹੈ।

### ਹੋਰ ਚੋਣਾਂ

ਜੇ ਤੁਸੀਂ ਹਾਲੇ ਵੀ ਨਤੀਜਿਆਂ ਤੋਂ ਖੁਸ਼ ਨਹੀਂ ਹੋ, ਤਾਂ ਤੁਸੀਂ ICBC ਤੋਂ ਸੁਤੰਤਰ ਟ੍ਰਿਬਿਊਨਲ **ਸਿਵਲ ਰੈਜ਼ੋਲਿਊਸ਼ਨ ਟ੍ਰਿਬਿਊਨਲ** (CRT) ਕੋਲ ਵਿਵਾਦ ਨਾਲ ਨਿਪਟਣ ਲਈ ਅਰਜ਼ੀ ਫਾਈਲ ਕਰ ਸਕਦੇ ਹੋ। ਜੇ ਦਾਅਵੇਦਾਰ ਕਲੇਮ ਦੇ ਕਿਸੇ ਪਹਿਲੂ ਨਾਲ ਸਹਿਮਤ ਨਹੀਂ ਹੁੰਦਾ, ਜਿਵੇਂ ਕਿ ਕੁਝ ਲਾਭਾਂ ਦੀ ਹੱਕਦਾਰੀ ਬਾਰੇ ਤਾਂ CRT ਵਿਵਾਦ ਨਿਪਟਾਰਾ ਸੇਵਾਵਾਂ ਪ੍ਰਦਾਨ ਕਰਦੀ ਹੈ। ਵਧੇਰੇ ਜਾਣਕਾਰੀ ਲਈ civilresolutionbc.ca ਦੇਖੋ।

ਹੋਰ ਚੋਣਾਂ ਵਿੱਚ ਸ਼ਾਮਲ ਹਨ: ਆਪਣੀ ਚਿੰਤਾ ਨੂੰ **ਬੀ.ਸੀ. ਓਮਬਡਸਪਰਸਨ (B.C. Ombudsperson)**, bcombudsperson.ca ਕੋਲ ਉਠਾਉਣਾ, ਜੋ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਦਾ ਹੈ ਕਿ ਕੀ B.C. ਸੂਬਾਈ ਜਾਂ ਸਥਾਨਕ ਜਨਤਕ ਅਥਾਰਟੀਆਂ ਨੇ ਨਿਰਪੱਖ ਅਤੇ ਵਾਜਬ ਢੰਗ ਨਾਲ ਕੰਮ ਕੀਤਾ ਹੈ, ਜਾਂ **ਫੇਅਰਨੈੱਸ ਦਫਤਰ** ਕੋਲ ਉਠਾਉਣਾ, ਜੋ ਕਿ ICBC ਬਾਰੇ ਨਿਰਪੱਖਤਾ ਨਾਲ ਸੰਬੰਧਿਤ ਸ਼ਿਕਾਇਤਾਂ ਦੀ ਸਮੀਖਿਆ ਕਰਨ ਲਈ ਜ਼ਿੰਮੇਵਾਰ ਹੋਵੇਗਾ।

ਤੁਹਾਡਾ ਕਲੇਮ ਪ੍ਰਤਿਨਿਧੀ ਤੁਹਾਡੀਆਂ ਚੋਣਾਂ ਬਾਰੇ ਸਮਝਾ ਸਕਦਾ ਹੈ। ਵਧੇਰੇ ਜਾਣਕਾਰੀ icbc.com 'ਤੇ Claims (ਦਾਅਵੇ) — Disputes and appeals (ਵਿਵਾਦ ਅਤੇ ਅਪੀਲਾਂ) ਅਧੀਨ ਮਿਲ ਸਕਦੀ ਹੈ।

### ਡਿਸਕਲੇਮਰ

ਇਸ ਪ੍ਰਕਾਸ਼ਨ ਵਿਚਲੀ ਜਾਣਕਾਰੀ ਦਾ ਉਦੇਸ਼ ਸਿਰਫ ਆਮ ਜਾਣਕਾਰੀ ਪ੍ਰਦਾਨ ਕਰਨਾ ਹੈ ਅਤੇ ਇਸ ਦਾ ਉਦੇਸ਼ ਕਵਰੇਜ, ਕਾਨੂੰਨੀ ਜਾਂ ਪੇਸ਼ੇਵਰ ਸਲਾਹ ਦੇਣਾ ਨਹੀਂ ਹੈ। ਅਸੀਂ ਇਨਹਾਂਸਡ ਐਕਸੀਡੈਂਟ ਲਾਭਾਂ ਨੂੰ ਸਮਝਣ ਅਤੇ ਇਨਹਾਂਸਡ ਐਕਸੀਡੈਂਟ ਲਾਭਾਂ ਨਾਲ ਸੰਬੰਧਿਤ ਕੁਝ ਕਾਨੂੰਨਾਂ ਦਾ ਵਰਣਨ ਕਰਨ ਲਈ ਸਾਧਾਰਣ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਦਸਤਾਵੇਜ਼ ਵਿੱਚ ਜਾਣਕਾਰੀ ਬਿਨਾਂ ਨੋਟਿਸ ਦੇ ਬਦਲੀ ਜਾ ਸਕਦੀ ਹੈ। ਤੁਹਾਨੂੰ ਮੌਜੂਦਾ ਲਾਗੂ ਕਾਨੂੰਨਾਂ ਅਤੇ ਨਿਯਮਾਂ ਦੇ ਵਧੇਰੇ ਵਿਸਤਾਰਪੂਰਕ ਸ਼ਬਦਾਂ ਅਤੇ ਲੋੜਾਂ ਦਾ ਪਾਲਣ ਕਰਨਾ ਚਾਹੀਦਾ ਹੈ, ਭਾਵੇਂ ਉਹ ਇਸ ਪ੍ਰਕਾਸ਼ਨ ਵਿੱਚ ਦਿੱਤੇ ਸ਼ਬਦਾਂ ਅਤੇ ਲੋੜਾਂ ਦਾ ਖੰਡਨ ਕਰਦੇ ਹੋਣ। ICBC ਦੁਆਰਾ ਦਿੱਤੀ ਜਾਂਦੀ ਇੰਸ਼ੋਰੈਂਸ ਕਵਰੇਜ ਦੀਆਂ ਸ਼ਰਤਾਂ ਅਤੇ ਨਿਯਮ *ਇੰਸ਼ੋਰੈਂਸ (ਵ੍ਹੀਕਲ) ਐਕਟ (Insurance (Vehicle) Act)* ਅਤੇ *ਇਨਹਾਂਸਡ ਐਕਸੀਡੈਂਟ ਬੈਨੀਫਿਟਸ ਰੈਗੂਲੇਸ਼ਨ (Enhanced Accident Benefits Regulation)* ਵਿੱਚ ਦਿੱਤੀਆਂ ਗਈਆਂ ਹਨ ਅਤੇ bclaws.gov.bc.ca 'ਤੇ ਉਪਲਬਧ ਹਨ।

ਇਸ ਦਸਤਾਵੇਜ਼ ਵਿੱਚ ਦਿੱਤੀਆਂ ਲਾਭ ਦੀਆਂ ਰਕਮਾਂ 1 ਅਪ੍ਰੈਲ, 2026 ਤੋਂ ਲਾਗੂ ਹਨ ਅਤੇ ਮਹਿੰਗਾਈ ਲਈ ਹਰ ਸਾਲ ਐਡਜਸਟ ਕੀਤੀਆਂ ਜਾਂਦੀਆਂ ਹਨ।